# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ. ਸਿ.), ਬਠਿੰਡਾ

ਵੱਲ, **ਅਤਿ ਜਰੂਰੀ**

ਸਮੂਹ ,
ਬੀ.ਪੀ.ਈ.ਓਜ
ਬਠਿੰਡਾ ।
ਪੱਤਰ ਨੰ:ਰਮਸਅ/2018/2063 ਮਿਤੀ:- 24/4/18

**ਵਿਸ਼ਾ:-ਦਿਵਿਆਂਗ ਬੱਚਿਆ ਨੂੰ ਸਰਕਾਰ ਵੱਲੋਂ ਸਿੱਖਿਆ ਸਬੰਧੀ ਦਿੱਤੀਆ ਜਾਂਦੀਆਂ ਸਹੂਲਤਾਂ ਦੇ Display Board ਲਗਾਉਣ ਸਬੰਧੀ ਰਿਪੋਰਟ।**

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਡਾਇਰੈਕਟਰ ਜਨਰਲ ਸਕੂਲ ਸਿਖਿਆ ਅਤੇ ਸਟੇਟ ਪ੍ਰਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ) ਵੱਲੋਂ ਪ੍ਰਾਪਤ ਪੱਤਰ 26-03-2018 ਨੂੰ ਮੇਲ ਕੀਤਾ ਗਿਆ ਸੀ।ਜਿਸ ਵਿੱਚ ਲਿਖਿਆ ਗਿਆ ਹੈ ਕਿ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਮੁਖ ਦਫਤਰ ਵਲੋਂ ਪ੍ਰਾਪਤ ਹਦਾਇਤਾ ਅਨੁਸਾਰ **Right Of Person With Disabilities ( RPwD) Act,2016** ਅਨੁਸਾਰ ਦਿਵਿਆਂਗ ਬੱਚਿਆਂ ਦੇ ਦਾਖਲੇ ਅਤੇ ਮਿਲਦੀਆਂ ਸਹੂਲਤਾਂ ਦੇ ਸਬੰਧ ਵਿੱਚ ਹਰੇਕ ਸਕੂਲ ਦੇ ਬਾਹਰ ਇੱਕ Display Board ਲਗਾਇਆ ਜਾਣਾ ਹੈ।ਜੇ ਕਿਸੇ ਬੱਚੇ ਜਾਂ ਮਾਤਾ ਪਿਤਾ ਨੂੰ ਦਿਵਿਆਂਗ ਬੱਚੇ ਦੇ ਸਬੰਧ ਵਿੱਚ ਕੋਈ ਔਕੜ ਆਉਦੀ ਹੈ ਤਾਂ Board ਵਿੱਚ ਦਰਜ ਅਧਿਕਾਰੀਆਂ ਨੂੰ ਸੂਚਨਾਂ ਦਿੱਤੀ ਜਾਵੇ। ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਹਿੱਤ ਇਹ ਬੋਰਡ ਹਰੇਕ ਸਕੂਲ ਦੇ ਉਸ ਸਥਾਨ ਤੇ ਪੇਂਟ ਨਾਲ ਬਣਾਇਆ ਜਾਣਾ ਸੀ,ਜਿਸ ਨੂੰ ਹਰ ਕੋਈ ਵਿਅਕਤੀ ਅਸਾਨੀ ਨਾਲ ਪੜ੍ਹ ਸਕੇ ।ਇਹ ਬੋਰਡ ਸਾਰੇ ਸਕੂਲਾਂ ਵਿੱਚ ਮਿਤੀ **28/03/2018** ਤੱਕ ਬਣਾਉਣੇ ਸਨ।ਜਿਹਨਾ ਸਕੂਲਾਂ ( **ਸਸਸਸ,ਸਹਸ,ਸਮਸ,ਸਪਸ,ਏਡਿਡ,ਪ੍ਰਾਈਵੇਟ,ਆਦਰਸ਼,ਮਾਡਲ,**) ਨੇ ਹਾਲੇ ਤੱਕ ਇਹ ਬੋਰਡ ਜਾਂ ਫਲੈਕਸ ਨਹੀ ਲਗਵਾਏ ਉਹਨਾਂ ਸਕੂਲਾਂ ਦੇ ਨਾਂ ਅਤੇ ਹੇਠ ਲਿਖੇ ਪ੍ਰਾਫਾਰਮੇ ਓਨੁਸਾਰ ਰਿਪੋਰਟ ਅੱਜ ਮਿਤੀ 24-04-2018 ਨੂੰ ਦੁਪਹਿਰ 2 ਵਜੇ ਤੱਕ ਹਰ ਹਾਲ ਵਿੱਚ ਸਕੈਨ ਕਾਪੀ iertbathinda@gmail.com ਤੇ ਮੇਲ ਕੀਤੀ ਜਾਵੇ ਤਾਂ ਜੋ ਇਹ ਰਿਪੋਰਟ ਸਟੇਟ ਮੁੱਖ ਦਫਤਰ ਅਤੇ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਮੇਂ ਸਿਰ **submit** ਕੀਤੀ ਜਾ ਸਕੇ।ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।ਅਣਗਹਿਲੀ ਦੀ ਸੂਰਤ ਵਿੱਚ ਬੀ.ਪੀ.ਈ.ਓ. ਅਤੇ ਸਕੂਲ ਮੁਖੀ ਜਿਮੇਵਾਰ ਹੋਵੇਗਾ ।

| ਲੜੀ ਨੰ | ਬਲਾਕ ਦਾ ਨਾਮ | ਸਕੂਲ ਦਾ ਨਾ ਅਤੇ ਕਿਸਮ | ਡਿਸਪਲੇ ਬੋਰਡ ਲਗਾਇਆ ਹੈ ਜਾਂ ਨਹੀਂ | ਜੇਕਰ ਹਾਂ ਤਾਂ ਬੋਰਡ ਜਾਂ ਫਲੈਕਸ | ਜੇਕਰ ਨਹੀਂ ਤਾਂ ਕਾਰਨ | ਸਕੂਲ ਮੁਖੀ ਦੇ ਹਸਤਾਖਰ ਸਮੇਤ ਮੋਹਰ | ਬੀ.ਪੀ.ਈ.ਓ. ਵੱਲੋ ਤਸਦੀਕ |
|---|---|---|---|---|---|---|---|
| | | | | | | | |

Sandeep ... 24/4/18
IERP/BTI

ਜਿਲ੍ਹਾ ਸਿੱਖਿਆ ਅਫਸਰ (ਸੈ. ਸਿ.),
ਬਠਿੰਡਾ

Scanned by CamScanner